# ਮਿਡਵਾਈਫਰੀ ਕੇਅਰ ਦੀ ਮੰਗ ਕਰੋ

## ਜੇ ਤੁਸੀਂ ਗਰਭਵਤੀ ਹੋ ਅਤੇ ਮਿਡਵਾਈਫਰੀ ਕੇਅਰ ਵਿਚ ਦਿਲਚਸਪੀ ਰੱਖਦੇ ਹੋ ਤਾਂ ਕਿਰਪਾ ਕਰਕੇ ਸਾਡਾ ਰਿਕੁਐਸਟ ਫਾਰ ਕੇਅਰ ਫਾਰਮ ਭਰੋ।



ਬੇਨਤੀ ਦਰਜ ਕਰਵਾ ਕੇ, ਤੁਸੀਂ ਉਡੀਕ ਲਿਸਟ ਵਿਚ ਸ਼ਾਮਲ ਹੋ ਜਾਵੋਗੇ ਜੋ ‘ਸਭ ਤੋਂ ਉਪਰਲੀ ਲਿਸਟ, ਲਿਸਟ ਵਿਚ ਪਹਿਲ’ ਨਹੀਂ ਹੈ। ਉਡੀਕ ਲਿਸਟ ਨੂੰ ਕੋਈ ਦਰਜਾ ਨਹੀਂ ਦਿੱਤਾ ਜਾਂਦਾ ਅਤੇ ਇਹ ਤੁਹਾਡੀਆਂ ਤਰਜੀਹੀ ਮਿਡਵਾਈਫਰੀ ਪ੍ਰੈਕਟਿਸਾਂ ਵਲੋਂ ਆਮ ਹੀ ਵਿਚਾਰੀ ਜਾਂਦੀ ਹੈ। ਜੇ ਅਤੇ ਜਦੋਂ ਕੋਈ ਥਾਂ ਉਪਲਬਧ ਹੁੰਦੀ ਹੈ ਤਾਂ ਤੁਹਾਡੇ ਨਾਲ ਸਿੱਧਾ ਸੰਪਰਕ ਕੀਤਾ ਜਾਵੇਗਾ ਅਤੇ ਤੁਹਾਨੂੰ ਕੇਅਰ ਦੀ ਪੇਸ਼ਕਸ਼ ਕੀਤੀ ਜਾਵੇਗੀ। ਹਰ ਮਹੀਨੇ ਕੇਅਰ ਦੀ ਮੰਗ ਜ਼ਿਆਦਾ ਹੋਣ ਕਰਕੇ, ਤੁਹਾਡੇ ਨਾਲ ਕਿਸੇ ਥਾਂ ਦੇ ਉਪਲਬਧ ਹੋ ਜਾਣ ਤੱਕ ਸੰਪਰਕ ਨਹੀਂ ਕੀਤਾ ਜਾਵੇਗਾ।



ਰਿਕੁਐਸਟ ਫਾਰ ਕੇਅਰ ਫਾਰਮ ਭਰਨਾ ਇਸ ਚੀਜ਼ ਦੀ ਗਾਰੰਟੀ ਨਹੀਂ ਹੈ ਕਿ ਤੁਹਾਨੂੰ ਮਿਡਵਾਈਫਰੀ ਪ੍ਰੈਕਟਿਸ ਨਾਲ ਥਾਂ ਮਿਲ ਗਈ ਹੈ। ਜੇ ਤੁਹਾਡੇ ਨਾਲ ਗਰਭ ਦੇ 10-12 ਹਫਤਿਆਂ ਤੱਕ ਸੰਪਰਕ ਨਹੀਂ ਕੀਤਾ ਜਾਂਦਾ ਤਾਂ ਕਿਰਪਾ ਕਰਕੇ ਕਿਸੇ ਹੋਰ ਪ੍ਰਾਇਮਰੀ ਕੇਅਰ ਪ੍ਰੋਵਾਈਡਰ ਰਾਹੀਂ ਢੁਕਵੀਂ ਪ੍ਰੀਨੇਟਲ (ਗਰਭ ਦੌਰਾਨ) ਕੇਅਰ ਦਾ ਪ੍ਰਬੰਧ ਕਰੋ।



ਭਾਵੇਂ ਤੁਹਾਡੇ ਏਰੀਏ ਵਿਚ ਮਿਡਵਾਈਵਜ਼ ਪ੍ਰੈਕਟਿਸ ਨਾ ਵੀ ਕਰਦੀਆਂ ਹੋਣ, ਅਸੀਂ ਅਲਬਰਟਾ ਵਿਚਲੀਆਂ ਉਨ੍ਹਾਂ ਸਾਰੀਆਂ ਗਰਭਵਤੀ ਔਰਤਾਂ ਨੂੰ ਅਪਲਾਈ ਕਰਨ ਲਈ ਉਤਸ਼ਾਹ ਦਿੰਦੇ ਹਾਂ ਜਿਹੜੀਆਂ ਮਿਡਵਾਈਫਰੀ ਕੇਅਰ ਚਾਹੁੰਦੀਆਂ ਹਨ ਕਿਉਂਕਿ ਇਸ ਨਾਲ ਤੁਹਾਡੇ ਇਲਾਕੇ ਵਿਚ ਮਿਡਵਾਈਫਰੀ ਸੇਵਾਵਾਂ ਦੀ ਲੋੜ ਦਾ ਪਤਾ ਲਾਉਣ ਵਿਚ ਮਦਦ ਹੁੰਦੀ ਹੈ ਅਤੇ ਭਵਿੱਖ ਵਿਚ ਵਰਕਰਾਂ ਦੀ ਪਲੈਨਿੰਗ ਕਰਨ ਵਿਚ ਮਦਦ ਹੁੰਦੀ ਹੈ।

## ਤੁਹਾਡੇ ਸਰੀਰ, ਤੁਹਾਡੇ ਵਲੋਂ ਜਨਮ ਦੇਣ, ਤੁਹਾਡੀਆਂ ਚੋਣਾਂ ਦਾ ਸਤਿਕਾਰ ਕਰਨਾ।

1.833.502.2176
info@alberta-midwives.ca
www.alberta-midwives.ca

ALBERTA ASSOCIATION OF MIDWIVES